# ਤਤਕਾਲ ਤੱਥ
# ਗੋਲਡਫਿਸ਼



**ਸਧਾਰਨ ਐਕੁਏਰੀਅਮ ਅਤੇ ਤਲਾਬ ਦੀਆਂ ਪ੍ਰਜਾਤੀਆਂ ਹਮਲਾਵਰ ਬਣ ਸਕਦੀਆਂ ਹਨ ਜੇਕਰ ਇਹਨਾਂ ਨੂੰ ਕੁਦਰਤੀ ਰਿਹਾਇਸ਼ ਵਿੱਚ ਛੱਡ ਦਿੱਤਾ ਜਾਵੇ। ਇਹਨਾਂ ਨੂੰ ਇੱਕ ਵਾਰ ਛੱਡ ਦੇਣ ਤੋਂ ਬਾਅਦ, ਇਹ ਪ੍ਰਜਾਤੀਆਂ ਭੋਜਨ ਅਤੇ ਰਿਹਾਇਸ਼ ਵਾਸਤੇ ਦੇਸੀ ਪ੍ਰਜਾਤੀਆਂ ਨੂੰ ਪਛਾੜ ਸਕਦੀਆਂ ਹਨ, ਪਾਣੀ ਨੂੰ ਖਰਾਬ ਕਰਕੇ ਦੇਸੀ ਪ੍ਰਜਾਤੀਆਂ ਵਿੱਚ ਬਿਮਾਰੀ ਫੈਲਾ ਸਕਦੀਆਂ ਹਨ।**

## ਮੱਛੀ ਨੂੰ ਬਾਹਰ ਨਾ ਛੱਡੋ!

ਇੱਥੇ ਦੱਸਿਆ ਗਿਆ ਹੈ ਕਿ ਤੁਸੀਂ ਗੋਲਡਫਿਸ਼ ਅਤੇ ਹੋਰ ਸਧਾਰਨ ਐਕੁਏਰੀਅਮ ਪ੍ਰਜਾਤੀਆਂ ਨੂੰ ਫੈਲਣ ਤੋਂ ਰੋਕਣ ਵਿੱਚ ਕਿਵੇਂ ਮਦਦ ਕਰ ਸਕਦੇ ਹੋ:

1. **ਫੈਲਾਅ ਤੋਂ ਰੋਕੋ!** ਕਦੇ ਵੀ ਐਕੁਏਰੀਅਮ ਜਾਂ ਘਰੇਲੂ ਤਲਾਬ ਦੇ ਪਾਣੀ ਨੂੰ, ਮਰੇ ਹੋਏ ਜਾਂ ਜਿਉਂਦੇ ਪੌਦਿਆਂ ਜਾਂ ਜਾਨਵਰਾਂ ਨੂੰ ਪਾਣੀ ਦੇ ਸੋਮਿਆਂ ਵਿੱਚ ਨਾ ਛੱਡੋ।
2. **C.A.R.E. ਨੂੰ ਅਪਣਾਓ!** ਸੰਕਲਪ ਕਰੋ ਕਿ ਤੁਸੀਂ ਆਪਣੇ ਪਾਲਤੂ ਜਾਨਵਰ ਜਾਂ ਪੌਦੇ ਨੂੰ ਗੋਦ ਲੈਣ ਲਈ ਕਿਸੇ ਨਾਲ ਸੰਪਰਕ ਕਰੋਗੇ ਜਾਂ ਉਹਨਾਂ ਨੂੰ ਸਟੋਰ 'ਤੇ ਵਾਪਸ ਕਰੋਗੇ, ਗੋਦ ਲੈਣ ਤੋਂ ਪਹਿਲਾਂ ਖੋਜ ਕਰਕੇ ਜ਼ਿੰਮੇਵਾਰੀ ਨਾਲ ਕੰਮ ਕਰੋਗੇ, EDDmapS ਨੂੰ ਕਿਸੇ ਵੀ ਚਿੰਤਾਜਨਕ ਪ੍ਰਜਾਤੀ ਦੀ ਰਿਪੋਰਟ ਕਰੋਗੇ, ਅਤੇ ਬਿਮਾਰੀ ਦੇ ਸੰਕ੍ਰਮਣ ਤੋਂ ਬਚਣ ਲਈ ਇਸਨੂੰ ਜ਼ਮੀਨ ਹੇਠ ਦੱਬ ਕੇ ਜਾਂ ਕਿਸੇ ਪਸ਼ੂ-ਚਿਕਿਤਸਕ ਨਾਲ ਸੰਪਰਕ ਕਰਕੇ ਮਾਲਕੀ ਖਤਮ ਕਰੋਗੇ।
3. **ਰਿਪੋਰਟ ਕਰੋ!** ਜੇਕਰ ਤੁਹਾਨੂੰ ਕੋਈ ਗੋਲਡਫਿਸ਼ ਦਿਖਾਈ ਦਵੇ, ਤਾਂ ਇਸਦੀ EDDMapS ਐਪ ਰਾਹੀਂ, ਜਾਂ 1-855-336-BOAT (2628) 'ਤੇ ਕਾਲ ਕਰਕੇ ਰਿਪੋਰਟ ਕਰੋ।
4. **ਕਾਨੂੰਨ ਨੂੰ ਜਾਣੋ!** ਅਲਬਰਟਾ ਵਿੱਚ, ਜਿਉਂਦੀ ਬੇਟ ਮੱਛੀ ਦੀ ਵਰਤੋਂ ਕਰਨਾ ਅਤੇ ਮੱਛੀ ਨੂੰ ਇੱਕ ਪਾਣੀ ਦੇ ਸੋਮੇ ਤੋਂ ਦੂਜੇ ਪਾਣੀ ਦੇ ਸੋਮੇ ਵਿੱਚ ਲਿਜਾਣਾ ਗੈਰ-ਕਾਨੂੰਨੀ ਹੈ। ਗੈਰ-ਕਾਨੂੰਨੀ ਤੌਰ 'ਤੇ ਮੱਛੀਆਂ ਦੀ ਥਾਂ ਬਦਲਣ ਲਈ $100,000 ਤੱਕ ਦਾ ਜੁਰਮਾਨਾ ਅਤੇ/ਜਾਂ ਇੱਕ ਸਾਲ ਦੀ ਕੈਦ ਹੋ ਸਕਦੀ ਹੈ।





ਗੋਲਡਫਿਸ਼, ਕੈਰੇਸੀਅਸ ਔਰੀਏਟਸ

## ਗੋਲਡਫਿਸ਼ ਬਾਰੇ ਤਤਕਾਲ ਤੱਥ:

- ਗੋਲਡਫਿਸ਼ ਪੂਰਬੀ ਏਸ਼ੀਆ ਦੀ ਜਨਮਵਾਸੀ ਹੈ ਅਤੇ ਇਹਨਾਂ ਨੂੰ ਸਜਾਵਟੀ ਅਤੇ ਪਾਲਤੂ ਮੱਛੀ ਦੇ ਰੂਪ ਵਿੱਚ ਲਿਆਇਆ ਗਿਆ ਸੀ; ਹਾਲਾਂਕਿ, ਕੁਝ ਗੋਲਡਫਿਸ਼ ਨੂੰ ਮਨੁੱਖ ਦੁਆਰਾ ਬਣਾਏ ਛੱਪੜਾਂ ਅਤੇ ਪਾਣੀ ਦੇ ਸੋਮਿਆਂ ਵਿੱਚ ਛੱਡ ਦਿੱਤਾ ਗਿਆ ਹੈ।
- ਗੋਲਡਫਿਸ਼ ਦੀ ਖਾਸ ਪਹਿਚਾਣ ਉਨ੍ਹਾਂ ਦਾ ਸੁਨਹਿਰਾ-ਸੰਤਰੀ ਰੰਗ ਹੁੰਦਾ ਹੈ, ਪਰ ਉਹ ਜ਼ੈਤੂਨੀ-ਕਾਂਸੀ ਜਾਂ ਚਾਂਦੀ-ਚਿੱਟੇ ਰੰਗ ਦੀ ਵੀ ਹੋ ਸਕਦੀਆਂ ਹਨ। ਇਨ੍ਹਾਂ ਦਾ ਮੂੰਹ ਉਭਰਿਆ ਹੋਇਆ ਹੁੰਦਾ ਹੈ, ਅਤੇ ਪਿੱਠ ਅਤੇ ਪਿਛਲੇ ਫਿਨਾਂ ਦੀ ਮੁੱਢ 'ਤੇ ਇੱਕ ਕਠੋਰ, ਦੰਦੇਦਾਰ ਰੀੜ੍ਹ ਦੀ ਹੱਡੀ ਇਸਦੀ ਵਿਸ਼ੇਸ਼ਤਾ ਹੈ।
- ਇਹ ਇੱਕ ਸਾਲ ਦੀ ਹੋਣ 'ਤੇ ਅੰਡੇ ਦੇਣ ਦੇ ਯੋਗ ਹੋ ਜਾਂਦੀਆਂ ਹਨ ਅਤੇ ਹਰ ਸਾਲ ਵਿੱਚ 3 ਵਾਰ 500 ਤੋਂ 1000 ਤੱਕ ਅੰਡੇ ਤਕ ਦੇ ਸਕਦੀਆਂ ਹਨ। ਇਨ੍ਹਾਂ ਦੀ ਉਮਰ 40 ਸਾਲ ਤੱਕ ਹੋ ਸਕਦੀ ਹੈ।
- ਗੋਲਡਫਿਸ਼ ਇੱਕ ਸਧਾਰਨ ਪ੍ਰਜਾਤੀ ਹੈ, ਵਾਤਾਵਰਣ ਦੀਆਂ ਵਿਭਿੰਨ ਸਥਿਤੀਆਂ ਵਿੱਚ ਰਹਿ ਸਕਦੀ ਹੈ, ਜਿਵੇਂ ਕਿ ਬਹੁਤ ਜ਼ਿਆਦਾ ਗੰਧਲਾ, ਯੂਟ੍ਰੋਫਿਕ ਪਾਣੀ ਜਿਸ ਵਿੱਚ ਆਕਸੀਜਨ ਦੀ ਮਾਤਰਾ ਬਹੁਤ ਘੱਟ ਜਾਂ ਬਿਲਕੁਲ ਨਹੀਂ ਹੁੰਦੀ। ਜੇਕਰ ਇਹਨਾਂ ਨੂੰ ਇਹਨਾਂ ਦੇ ਟੈਂਕ ਵਿੱਚ ਨਾ ਰੱਖਿਆ ਜਾਵੇ, ਤਾਂ ਇਹ ਬਹੁਤ ਵੱਡੀਆਂ ਹੋ ਸਕਦੀਆਂ ਹਨ (ਫੁੱਟਬਾਲ ਜਾਂ ਖਾਣ ਦੀ ਪਲੇਟ ਜਿੰਨੀ ਵੱਡੀ!)।
- ਗੋਲਡਫਿਸ਼ ਹੋੜ ਅਤੇ ਸ਼ਿਕਾਰ ਦੇ ਕਾਰਨ ਨਾਲ ਦੇਸੀ ਮੱਛੀ ਦੀ ਆਬਾਦੀ, ਰਿਹਾਇਸ਼ ਅਤੇ ਭੋਜਨ ਦੀ ਉਪਲਬਧਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਹ ਵਾਇਰਲ, ਬੈਕਟੀਰੀਆਲ ਅਤੇ ਪਰਜੀਵੀਆਂ ਤੋਂ ਹੋਣ ਵਾਲੀਆਂ ਮੱਛੀ-ਸੰਬੰਧੀ ਬਿਮਾਰੀਆਂ ਦੀ ਵਾਹਕ ਵੀ ਹੋ ਸਕਦੀਆਂ ਹਨ।
- ਗੋਲਡਫਿਸ਼ ਦੇ ਗਿਣਤੀ-ਵਧਣ ਨਾਲ ਪਾਣੀ ਦੀ ਗੁਣਵੱਤਾ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਕਿਉਂਕਿ ਇਹ ਆਪਣੀ ਖੁਰਾਕ ਦੀ ਆਦਤਾਂ ਕਾਰਨ ਪਾਣੀ ਨੂੰ ਗੰਧਲਾ ਕਰ ਸਕਦੀਆਂ ਹਨ, ਅਤੇ ਇਹਨਾਂ ਦੀਆਂ ਅੰਤੜੀਆਂ ਵਿੱਚ ਸਾਈਨੋਬੈਕਟੀਰੀਆ ਦੇ ਵਾਧੇ ਕਾਰਨ ਕਾਈ ਦਾ ਖਤਰਾ ਵੱਧ ਸਕਦਾ ਹੈ।
- ਗੋਲਡਫਿਸ਼ ਇੱਕ ਵਾਰ ਕਿਸੇ ਥਾਂ 'ਤੇ ਫੈਲ ਜਾਣ, ਤਾਂ ਉਨ੍ਹਾਂ ਨੂੰ ਨਿਯੰਤਰਿਤ ਕਰਨਾ ਮੁਸ਼ਕਲ ਹੁੰਦਾ ਹੈ ਅਤੇ ਇਸ ਕਾਰਜ ਲਈ ਕਈ ਉਪਰਾਲਿਆਂ ਦੀ ਲੋੜ ਪੈਂਦੀ ਹੈ। ਤਜਰਬੇਕਾਰ ਟੀਮਾਂ ਵਲੋਂ ਨਿਯੰਤਰਣ ਜਾਂ ਇਹਨਾਂ ਨੂੰ ਨਸ਼ਟ ਕਰਨ ਲਈ ਵਰਤੀਆਂ ਜਾਣ ਵਾਲੀਆਂ ਵਿਧੀਆਂ ਵਿੱਚ ਪਾਣੀ ਦੀ ਮਾਤਰਾ ਘਟਾਉਣਾ, ਜਾਲ ਵਿਛਾਉਣਾ ਅਤੇ ਰਸਾਇਣਕ ਇਲਾਜ ਕਰਨੇ ਸ਼ਾਮਲ ਹਨ।
- ਅਲਬਰਟਾ ਵਿੱਚ ਗੋਲਡਫਿਸ਼ ਵਿਆਪਕ ਰੂਪ ਵਿੱਚ ਮਿਲਦੀਆਂ ਹਨ, 100 ਤੋਂ ਵੱਧ ਜਾਣੀਆਂ ਥਾਵਾਂ 'ਤੇ ਮੌਜੂਦ ਹਨ, ਅਤੇ ਕੁਝ ਉੱਤਰੀ ਇਲਾਕਿਆਂ, ਜਿਵੇਂ ਕਿ ਫੋਰਟ ਮੈਕਮਰੇ ਤੱਕ ਵੀ ਪਹੁੰਚ ਚੁੱਕੀਆਂ ਹਨ।

## ਵਧੇਰੇ ਜਾਣਕਾਰੀ ਲਈ, ਇੱਥੇ ਵੇਖੋ ABINVASIVES.CA

ALBERTA invasive species COUNCIL